ਬੱਚਿਆਂ ਲਈ ਬਾਈਬਲ
ਉਪੱਸਥਿਤ



# ਨਹਮਯਾਹ ਦੀ ਮਹਾਨ ਦੀਵਾਰ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Jonathan Hay

ਦੁਆਰਾ ਬਦਲਿਆ ਗਿਆ : Mary-Anne S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਪਰਸੀਆ, ਇੱਕ ਤਾਕਤਵਰ ਦੇਸ਼, ਸੰਸਾਰ ਉੱਤੇ ਰਾਜ ਕਰਦਾ ਸੀ।ਅਤੇ ਬਾਦਸ਼ਾਹ ਅਰਤਹਸ਼ਸ਼ਤਾ ਪਰਸੀਆ ਉੱਤੇ ਰਾਜ ਕਰਦਾ ਸੀ। ਬਾਦਸ਼ਾਹ ਦਾ ਇੱਕ ਖਾਸ ਮਦਦਗਾਰ ਇੱਕ ਯਹੂਦੀ ਜਿਸ ਦਾ ਨਾ ਨਹਮਯਾਹ ਸੀ।



ਉਸ ਦਾ ਕੰਮ ਬਾਦਸ਼ਾਹ ਦੇ ਭੋਜਨ ਨੂੰ
ਚੱਖਣਾ ਸੀ ਤਾਂ ਜੋ ਬਾਦਸ਼ਾਹ ਦੀ
ਜ਼ਹਿਰ ਤੋਂ ਰੱਖਿਆ
ਕੀਤੀ ਜਾਵੇ।



ਇੱਕ ਦਿਨ ਨਹਮਯਾਹ ਬੜੇ ਹੀ ਉਦਾਸ ਚਿਹਰੇ ਨਾਲ ਬਾਦਸ਼ਾਹ ਦੇ ਸਾਹਮਣੇ ਆਇਆ। ਬਾਦਸ਼ਾਹ ਨੇ ਜਾਨਣਾ ਚਾਹਿਆ ਕੇ ਕੀ ਗਲਤ ਹੋਇਆ ਹੈ, “ਹੇ ਬਾਦਸ਼ਾਹ, ਜੁਗੋ ਜੁੱਗ ਜੀਉਂਦਾ ਰਹੇ,” ਨਹਮਯਾਹ ਨੇ ਆਖਿਆ।



“ਮੈ ਉਦਾਸ ਹਾਂ ਕਿਉਂਕਿ ਉਹ ਸ਼ਹਿਰ ਜਿੱਥੇ ਮੇਰੇ ਪਿਉ ਦਾਦਿਆਂ ਦੀਆਂ ਕਬਰਾਂ ਹਨ ਥੇਹ ਹੋਇਆ ਪਿਆ ਹੈ ਅਤੇ ਫਾਟਕ ਅੱਗ ਨੇ ਖਾ ਲਏ ਹਨ।”



ਨਹਮਯਾਹ ਯਰੂਸ਼ਲਮ ਦੇ ਬਾਰੇ ਗੱਲ ਕਰ ਰਿਹਾ ਸੀ, ਜੋ ਬਹੁਤ ਸਾਲਾਂ ਪਹਿਲਾਂ ਲੜਾਈ ਵਿੱਚ ਨਾਸ਼ ਕਰ ਦਿੱਤਾ ਗਿਆ ਸੀ।

ਬਾਦਸ਼ਾਹ ਅਰਤਹਸ਼ਸ਼ਤਾ ਨੇ ਪੁੱਛਿਆ, "ਤੂੰ ਕੀ ਚਾਹੁੰਦਾ ਹੈ?" "ਮੈਨੂੰ ਯਰੂਸ਼ਲਮ ਨੂੰ ਜਾਣ ਦਿਓ ਜਾਂ ਮੈ ਉਸ ਨੂੰ ਦੁਬਾਰਾ ਬਣਾਵਾਂ।"



ਨਹਮਯਾਹ ਨੇ ਬੇਨਤੀ ਕੀਤੀ। ਬਾਦਸ਼ਾਹ ਅਰਤਹਸ਼ਸ਼ਤਾ ਬੇਨਤੀ ਮੰਨ ਗਿਆ। ਉਸ ਨੇ ਨਹਮਯਾਹ ਨੂੰ ਰਾਸਤੇ ਵਿੱਚ ਹਿਫਾਜਤ ਲਈ ਸ਼ਾਹੀ ਚਿੱਠੀ ਵੀ ਦਿੱਤੀ।





ਬਾਦਸ਼ਾਹ ਨੇ ਹੋਰ ਵੀ ਮਦਦ ਕੀਤੀ। ਬਾਦਸ਼ਾਹ ਨੇ ਨਹਮਯਾਹ ਨੂੰ ਆਸਾਪ, ਜੋ ਬਾਦਸ਼ਾਹ ਦੇ ਜਗਲ ਦਾ ਰਖਵਾਲਾ ਸੀ ਲਈ ਚਿੱਠੀ ਦਿੱਤੀ। ਆਸਾਪ ਨੂੰ ਹੁਕਮ ਸੀ ਕੀ ਨਹਮਯਾਹ ਨੂੰ ਜਿੰਨੀ ਵੀ ਲੱਕੜ ਸ਼ਹਿਰ ਦੀ ਦੀਵਾਰ ਨੂੰ ਬਣਾਉਣ ਲਈ ਚਾਹੀਦੀ ਹੈ ਦਿੱਤੀ ਜਾਵੇ।

ਜਦ ਨਹਮਯਾਹ ਯਰੂਸ਼ਲਮ ਪਹੁੰਚਿਆ, ਉਸਨੇ ਸ਼ਹਿਰ ਦੇ ਪ੍ਰਧਾਨਾਂ ਨੂੰ ਇਕੱਠੇ ਕਰਕੇ ਆਖਿਆ, “ਅਸੀਂ ਇੱਥੇ ਮੁਸੀਬਤ ਵਿੱਚ ਹਾਂ। ਸ਼ਹਿਰ ਥੇਹ ਵਿੱਚ ਹੈ ਅਤੇ ਫਾਟਕ ਸੜੇ ਪਏ ਹਨ।



ਚਲੋ ਦੁਬਾਰਾ ਬਣਾਉਣਾ ਸ਼ੁਰੂ ਕਰੀਏ।” ਉਸਨੇ ਉਹਨਾਂ ਨੂੰ ਦੱਸਿਆ ਕੀ ਬਾਦਸ਼ਾਹ ਅਰਤਹਸ਼ਸ਼ਤਾ ਦੀ ਇਜਾਜਤ ਮਿਲ ਗਈ ਹੈ, ਅਤੇ ਸਭ ਤੋਂ ਜਰੂਰੀ ਸਾਰਿਆ ਲਈ ਇਹ ਹੈ ਜੋ ਪਰਮੇਸ਼ਵਰ ਤੁਹਾਡੀ ਵੱਲ ਹੈ।



ਨਹਮਯਾਹ ਦੇ ਵਿਸ਼ਵਾਸ਼ ਅਤੇ ਜ਼ੋਸ਼ ਨੇ ਜ਼ਰੂਰ ਲੋਕਾਂ ਨੂੰ ਪ੍ਰੇਰਣਾ ਦਿੱਤੀ। ਉਹ ਮੰਨ ਗਏ, ਕਿਹਾ, “ਚਲੋ ਦੁਬਾਰਾ ਬਣਾਈਏ।” ਨਹਮਯਾਹ ਨੇ ਹਰੇਕ ਪਰਿਵਾਰ ਨੂੰ ਦੱਸਿਆ ਕੀ ਉਹਨਾਂ ਦੀਵਾਰ ਦਾ ਕਿਹੜਾ ਹਿੱਸਾ ਜੋੜਨਾ ਹੋਵੇਗਾ।



ਪਰ, ਹਰ ਕੋਈ ਦੀਵਾਰ ਨੂੰ ਦੁਬਾਰਾ ਬਣਾਉਣ
ਲਈ ਤਿਆਰ ਨਹੀ ਸੀ।




ਇੱਕ ਮਨੁੱਖ ਜਿਸ ਦਾ ਨਾਂ ਸਨਬੱਲਟ ਅਤੇ ਉਸਦੇ ਦੋ
ਮਿੱਤਰ ਟੋਬੀਯਾਹ ਅਤੇ ਗੇਸ਼ੇਮ ਜੋ ਯਹੂਦੀ ਨਹੀ ਸਨ
ਅਤੇ ਉਹ ਨਹੀ ਚਾਹੁੰਦੇ ਸਨ
ਕੀ ਦੀਵਾਰ ਦੁਬਾਰਾ
ਬਣੇ ਅਤੇ ਫਾਟਕ
ਜੋੜੇ ਜਾਣ।

ਜਿਵੇਂ ਕੰਮ ਚੱਲ ਰਿਹਾ ਸੀ, ਸਨਬੱਲਟ ਨੂੰ ਬਹੁਤ ਗੁੱਸਾ ਆਇਆ। ਉਸਨੇ ਅਤੇ ਉਸਦੇ ਮਿੱਤਰਾਂ ਨੇ ਯਹੂਦੀਆਂ ਦਾ ਮਜ਼ਾਕ ਉਡਾਇਆ। ਟੋਬੀਯਾਹ ਨੇ ਆਖਿਆ, “ਜਦ ਇਹ ਇਸ ...



... ਕਮਜ਼ੋਰ ਦੀਵਾਰ ਨੂੰ ਬਣਾ ਲੈਣਗੇ, ਤਦ ਇੱਕ ਛੋਟੀ ਲੂਮੜੀ ਉਸਦੇ ਟੁਕੜੇ ਟੁਕੜੇ ਕਰ ਦੇਵੇਗੀ।” ਨਹਮਯਾਹ ਨੇ ਉੱਤਰ ਨਾਂ ਦਿੱਤਾ। ਉਸ ਦੇ ਬਦਲੇ, ਉਸਨੇ ਪ੍ਰਾਥਨਾ ਕੀਤੀ ਕੀ ਪਰਮੇਸ਼ਵਰ



ਉਹਨਾਂ ਨੂੰ ਦੇਖੇਗਾ।

ਜਦ ਉਹਨਾਂ ਦੇ ਮਜ਼ਾਕ ਉਡਾਉਣ ਦਾ ਕੋਈ ਅਸਰ
ਨਾਂ ਹੋਇਆ, ਤਾਂ ਉਹਨਾਂ ਨੇ ਯਰੂਸ਼ਲਮ ਦੇ ਵਿਰੁੱਧ
ਇਕੱਠੇ ਹੋ ਕੇ ਲੜਾਈ ਕੀਤੀ ਅਤੇ
ਜਿਨ੍ਹਾਂ ਵੀ ਉਹ ਉਹਨਾਂ ਨੂੰ
ਪਰੇਸ਼ਾਨ ਕਰ
ਸਕਦੇ ਸਨ,
ਕੀਤਾ।



ਨਹਮਯਾਹ ਨੇ ਫਿਰ ਪਰਮੇਸ਼ਵਰ ਦੀ ਸਹਾਇਤਾ ਲਈ ਪ੍ਰਾਥਨਾ ਕੀਤੀ। ਉਸ ਨੇ ਦਿਨ ਅਤੇ ਰਾਤ ਲਈ ਵੀ ਪਹਿਰੇਦਾਰ ਨਿਯੁਕਤ ਕੀਤੇ ਤਾਂ ਜੋ ਉਹ ਬੇਖ਼ਬਰੀ ਵਿੱਚ ਨਾ ਪੈ ਜਾਣ।



ਯਹੂਦੀਆਂ ਨੇ ਸਖਤ ਮਿਹਨਤ ਕੀਤੀ, ਉਹ ਥੱਕ ਰਹੇ ਸਨ। ਕੁਝ ਡਰ ਗਏ ਸਨ ਕੀ ਜਦ ਉਹ ਕੰਮ ਕਰ ਰਹੇ ਹੋਣਗੇ ਤਾਂ ਦੁਸ਼ਮਣ ਆ ਕੇ ਉਹਨਾਂ ਨੂੰ ਮਾਰ ਦੇਵੇਗਾ। ਫਿਰ ਵੀ, ਨਹਮਯਾਹ ਨੇ ਕੰਮ ਨਹੀਂ ਰੋਕਿਆ।



ਉਸਨੇ ਉਹਨਾਂ ਦੇ ਦੁਆਲੇ ਪਹਿਰੇਦਾਰ ਲਾਏ
ਅਤੇ ਯਾਦ ਕਰਾਇਆ ਕੀ ਪਰਮੇਸ਼ਵਰ
ਉਹਨਾਂ ਦੀ ਵੱਲ ਹੈ ਅਤੇ
ਪਰਮੇਸ਼ਵਰ ਕਿਸੇ ਵੀ
ਦੁਸ਼ਮਣ ਨਾਲੋਂ ਜਿਆਦਾ
ਤਾਕਤਵਰ ਹੈ !





ਨਹਮਯਾਹ ਨੇ ਚੰਗੀ ਉਦਾਹਰਨ ਦੇਣ ਦੀ ਕੋਸ਼ੀਸ਼ ਕੀਤੀ।

ਬਾਦਸ਼ਾਹ ਅਰਤਹਸ਼ਸ਼ਤਾ ਨੇ ਨਹਮਯਾਹ ਨੂੰ ਯਰੂਸ਼ਲਮ ਦਾ ਗਵਰਨਰ ਉਸ ਅਧਿਕਾਰ ਨਾਲ ਬਣਾ ਦਿੱਤਾ, ਜੋ ਉਹ ਲੋਕਾਂ ਤੋਂ ਧਨ ਅਤੇ ਭੋਜਨ ਇਕੱਠਾ ਕਰੇ।

ਪਰ ਉਸ ਨੇ ਉਸ ਤਰ੍ਹਾਂ ਨਹੀ ਕੀਤਾ। ਜਿਵੇਂ ਉਹ ਦੀਵਾਰ ਨੂੰ ਦੁਬਾਰਾ ਬਣਾ ਰਹੇ ਸਨ ਉਸ ਨੇ ਲੋਕਾਂ ਨਾਲ ਸਖਤ ਮਿਹਨਤ ਕੀਤੀ। ਉਸ ਨੇ ਭੋਜਨ ਖਰੀਦਣ ਲਈ ਆਪਣਾ ਆਵਦਾ ਧਨ ਵਰਤਿਆ।



ਆਖਰ ਕਾਰ, ਲੋਕਾਂ ਨੇ ਦੀਵਾਰ ਬਣਾ ਲਈ, ਅਤੇ ਹੁਣ ਸਿਰਫ਼ ਮੁੱਖ ਫਾਟਕ ਉੱਤੇ ਦਰਵਾਜ਼ਾ ਲਾਉਣ ਵਾਲਾ ਰਹਿ ਗਿਆ ਸੀ। ਜਦ ਸਨਬੱਲਟ, ਟੋਬੀਯਾਹ ਅਤੇ ਗੇਸ਼ੇਮ ਨੇ ਇਹ ਸੁਣਿਆ ਕੀ ਹੁਣ ਦੀਵਾਰ ਵਿੱਚ ਕਿਤੇ ਵੀ ਜੁਗਾ ਨਹੀ ਹੈ, ਉਹਨਾਂ ਨੇ ਨਹਮਯਾਹ ਨੂੰ ਨੁਕਸਾਨ ਪਹੁੰਚਾਉਣ ਦੀ ਯੋਜਣਾ ਬਣਾਈ।



ਉਹਨਾਂ ਨੇ ਨਹਮਯਾਹ ਨੂੰ ਸੰਦੇਸ਼ ਭੇਜਿਆ ਕੀ ਉਹਨਾਂ ਨੂੰ ਉਸ ਜਗ੍ਹਾ ਤੇ ਜਿਹੜੀ ਉਨਾਉ ਕਹਾਉਂਦੀ ਹੈ ਆ ਕੇ ਮਿਲੇ। ਪਰ ਨਹਮਯਾਹ ਜਾਣ ਗਿਆ ਕੀ ਉਹ ਉਸ ਨੂੰ ਧੋਖੇ ਨਾਲ ਸ਼ਹਿਰ ਵਿੱਚੋਂ ਬਾਹਰ ਬੁਲਾ ਕੇ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ। ਉਸਨੇ ਉਹਨਾਂ ਨੂੰ ਵਾਪਸ ਲਿਖਿਆ ਕੀ ਉਹ ਕੰਮ ਨੂੰ ਛੱਡ ਕੇ ਉਹਨਾਂ ਨੂੰ ਮਿਲਣ ਨਹੀਂ ਆਵੇਗਾ।




ਆਖਰਕਾਰ ਦੀਵਾਰ
ਬਣ ਗਈ, ਅਤੇ
ਨਹਮਯਾਹ ਨੇ
ਉਸਦੀ
ਰੱਖਿਆ
ਲਈ
ਪਹਿਰੇਦਾਰ ਲਾ ਦਿੱਤੇ।
ਉਸ ਨੇ ਇਹ ...


... ਕਾਨੂੰਨ ਵੀ ਬਣਾ ਦਿੱਤਾ ਕੀ ਜਦ ਤੱਕ ਧੁੱਪ ਤਿੱਖੀ ਨਾ ਹੋ ਜਾਵੇ ਫਾਟਕ ਨਾਂ ਖੋਲੇ ਜਾਣ।
ਰਾਤ ਦੇ ਦੋਰਾਨ, ਉਹ ਬੰਦ ਕੀਤੇ ਜਾਣ ਅਤੇ ਅਰਲ ਲਾਏ ਜਾਣ।

ਹੁਣ ਉਹ ਸ਼ਹਿਰ ਸੁਰਖਸ਼ਿਤ ਸੀ, ਬਹੁਤ ਸਾਰੇ ਗ਼ੁਲਾਮ ਯਹੂਦੀ ਸੰਸਾਰ ਦੀਆਂ ਭਿੰਨ ਭਿੰਨ ਜਗ੍ਹਾਵਾਂ ਤੋਂ ਯਰੂਸ਼ਲਮ ਨੂੰ ਵਾਪਸ ਮੁੜ ਆਏ। ਨਹਮਯਾਹ ਬਹੁਤ ਖੁਸ਼ ਹੋਵੇਗਾ ਕੀ ਉਸਨੇ ਸਾਰੀਆਂ ...



... ਰੁਕਾਵਟਾਂ ਦੇ ਬਾਵਜੂਦ ਵੀ ਪਰਮੇਸ਼ਵਰ ਦੇ ਕੰਮ ਨੂੰ ਪੂਰਿਆਂ ਕੀਤਾ ਹੈ। ਉਹ ਯਰੂਸ਼ਲਮ ਵਿੱਚ ਰਿਹਾ ਅਤੇ ਸਹਾਇਤਾ ਕੀਤੀ ਜੋ ਲੋਕ ਹਮੇਸ਼ਾਂ ਪਰਮੇਸ਼ਵਰ ਦੀ ਆਗਿਆ ਮੰਨਣ।



# ਨਹਮਯਾਹ ਦੀ ਮਹਾਨ ਦੀਵਾਰ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਨਹਮਯਾਹ

ਸ਼ਬਦਾ ਦੇ ਪਰਵੇਸ਼ ਦੁਆਰਾ ਰੌਸ਼ਨੀ ਮਿਲਦੀ ਹੈ।

ਜ਼ਬੂਰਾਂ ਦੀ ਪੋਥੀ 119:130

ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੋਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16